# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
3. ਸਮੂਹ ਜ਼ਿਲ੍ਹਾ ਰਿਸੋਰਸ ਪਰਸਨਜ਼ (ਮੈਥ),
4. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ: ਸਸਅ/ਐਮਸੀ/2013/008290
ਮਿਤੀ: 06.05.2013

ਵਿਸ਼ਾ:- ਪਹਾੜਿਆਂ ਦਾ ਕੁਇਜ਼ ਮੁਕਾਬਲਾ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ-ਸਮੇਂ ਤੇ ਸਿੱਖਿਆ ਵਿਭਾਗ ਵੱਲੋਂ ਗਣਿਤ ਵਿਸ਼ੇ ਦੇ ਗੁਣਾਤਮਕ ਸੁਧਾਰ ਲਈ ਗਤੀਵਿਧੀਆਂ ਕਰਵਾਇਆਂ ਜਾਂਦੀਆਂ ਹਨ।ਜਿਸ ਅਧੀਨ ਰਾਜ ਦੇ ਸਮੂਹ ਸਰਕਾਰੀ ਅਪੱਰ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ ਪਹਾੜਿਆਂ ਦਾ ਕੁਇਜ਼ ਮੁਕਾਬਲਾ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਮੁਕਾਬਲੇ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

2.1 ਪਹਾੜਿਆਂ ਦੇ ਕੁਇਜ਼ ਮੁਕਾਬਲੇ ਸਬੰਧੀ ਲਿਖਿਆ ਜਾਂਦਾ ਹੈ ਕਿ ਬਲਾਕ ਪੱਧਰੀ ਪਹਾੜਿਆਂ ਦਾ ਕੁਇਜ਼ ਮੁਕਾਬਲਾ ਸਮੂਹ ਡੀ.ਆਰ.ਪੀ. (ਮੈਥ) ਆਪਣੇ ਸਮੇਂ ਦੀ ਸਹੂਲੀਅਤ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਅਗਵਾਈ ਵਿੱਚ ਕਰਵਾਉਣਗੇ। ਇਸ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ ਦੇ ਮੁਕਾਬਲੇ ਦੇ ਸਫਲ ਸੰਚਾਲਨ ਲਈ ਡੀ.ਆਰ.ਪੀ. (ਮੈਥ) ਨਾਲ ਮਿਹਨਤੀ ਕੁੱਝ ਗਣਿਤ ਅਧਿਆਪਕਾਂ ਦੀ ਡਿਊਟੀ ਲਗਾ ਸਕਦੇ ਹਨ।

2.2 ਜ਼ਿਲ੍ਹਾ ਪੱਧਰੀ ਪਹਾੜਿਆਂ ਦਾ ਕੁਇਜ਼ ਮੁਕਾਬਲਾ ਮਿਤੀ 24 ਮਈ, 2013 ਨੂੰ ਸਵੇਰੇ 10:00 ਵਜੇ ਤੋਂ 1:00 ਵਜੇ ਤੱਕ ਕਰਵਾਇਆ ਜਾਵੇਗਾ।

2.3 ਸਮੂਹ ਡੀ.ਆਰ.ਪੀ. (ਮੈਥ) ਬਲਾਕ ਪੱਧਰ ਤੇ ਹੋਣ ਵਾਲੇ ਕੁਇਜ਼ ਮੁਕਾਬਲੇ ਦਾ ਸਾਰਾ ਪ੍ਰਬੰਧ ਅਤੇ ਪ੍ਰਸ਼ਨ ਪੱਤਰਾਂ ਦੀ ਤਿਆਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਨਿਗਰਾਨੀ ਹੇਠ ਕਰਨਗੇ। ਇਹ ਪ੍ਰਸ਼ਨ ਪੱਤਰ ਸਮੂਹ ਬਲਾਕਾਂ ਲਈ ਸਾਂਝਾ ਹੋਵੇਗਾ। ਜ਼ਿਲ੍ਹਾ ਪੱਧਰੀ ਪ੍ਰਸ਼ਨ ਪੱਤਰ ਦਾ ਮਿਆਰ ਬਲਾਕ ਪੱਧਰੀ ਪ੍ਰਸ਼ਨ ਪੱਤਰ ਨਾਲੋਂ ਉਚਾ ਹੋਵੇਗਾ।

2.4 ਇਸ ਮੁਕਾਬਲੇ ਲਈ ਜਮਾਤ ਛੇਵੀਂ ਤੋਂ ਅਠੱਵੀਂ ਜਮਾਤ ਤੱਕ ਦੇ ਤਿੰਨ ਵਿਦਿਆਰਥੀਆਂ ਦਾ ਨਾਮ ਹਰ ਸਕੂਲ ਮੁੱਖੀ ਵੱਲੋਂ ਲਿਖਤੀ ਤੌਰ ਤੇ ਦਿੱਤਾ ਜਾਵੇਗਾ।

2.5 ਹਰੇਕ ਸਕੂਲ ਵਿੱਚੋਂ ਇੱਕ ਟੀਮ ਭਾਗ ਲਵੇਗੀ। ਹਰ ਟੀਮ ਵਿੱਚ ਛੇਵੀਂ, ਸੱਤਵੀਂ ਅਤੇ ਅਠੱਵੀਂ ਜਮਾਤ ਦਾ ਇੱਕ-ਇੱਕ ਵਿਦਿਆਰਥੀ ਭਾਗ ਲਵੇਗਾ।

2.6 ਜੇਕਰ ਕੋਈ ਐਲੀਮੈਂਟਰੀ ਸਕੂਲ/ਮਿਡਲ ਸਕੂਲ ਕਿਸੇ ਹਾਈ /ਸੀਨੀਅਰ ਸੈਕੰਡਰੀ ਸਕੂਲ ਨਾਲ ਜੁੜਿਆ ਹੋਵੇ ਤਾਂ ਉਹ ਸਕੂਲ ਆਪਣੀ ਵੱਖਰੀ ਟੀਮ ਲੈ ਕੇ ਆਵੇਗਾ।

2.7 ਹਰੇਕ ਜਮਾਤ ਛੇਵੀਂ ਤੋਂ ਅਠੱਵੀਂ ਤੱਕ ਪਹਿਲਾਂ 20 ਪ੍ਰਸ਼ਨਾਂ ਦਾ ਟੈਸਟ ਲਿਖਤੀ ਲਿਆ ਜਾਵੇਗਾ। ਜਿਸ ਦਾ ਸਮਾਂ 20 ਮਿੰਟਾਂ ਦਾ ਹੋਵੇਗਾ। ਇਸ ਟੈਸਟ ਨੂੰ ਹਰੇਕ ਸਕੂਲ ਦੇ ਤਿੰਨੋਂ ਬੱਚੇ (ਛੇਵੀਂ, ਸਤੱਵੀਂ ਅਤੇ ਅਠੱਵੀਂ) ਵੱਖਰੇ-ਵੱਖਰੇ ਤੌਰ ਤੇ ਹੱਲ ਕਰਨਗੇ ਅਤੇ ਪ੍ਰਾਪਤ ਅੰਕਾ ਦਾ ਜੋੜ ਸਕੂਲ ਟੀਮ ਵੱਲੋਂ ਪ੍ਰਾਪਤ ਕੁੱਲ ਅੰਕ ਹੋਣਗੇ।

2.8 ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੀਆਂ ਸਕੂਲ ਟੀਮਾਂ ਦਾ ਜੁਬਾਨੀ ਮੁਕਾਬਲਾ (ਕੁਇਜ਼ ਦੇ ਰੂਪ ਵਿੱਚ) ਕਰਵਾਇਆ ਜਾਵੇਗਾ।

2.9 ਇਸ ਮੁਕਾਬਲੇ ਦੇ ਲਈ ਪ੍ਰਸ਼ਨ, ਜਮਾਤ ਛੇਵੀਂ ਅਤੇ ਸਤਵੀਂ ਲਈ 20 ਤੱਕ ਦੇ ਦੂਹਰੇ ਪਹਾੜੇ, ਪਹਾੜਿਆਂ ਦੀ ਦੈਨਿਕ ਜੀਵਨ ਅਤੇ ਮੌਖਿਕ ਸਵਾਲ ਕੱਢਣ ਲਈ ਵਰਤੋਂ ਅਤੇ ਜਮਾਤ ਅੱਠਵੀਂ ਲਈ 20 ਤੱਕ ਦੂਹਰੇ ਪਹਾੜੇ ਪਹਿਲੀਆਂ 20 ਪ੍ਰਾਕ੍ਰਿਤਕ ਸੰਖਿਆਵਾਂ ਦੇ ਵਰਗ, ਵਰਗਮੂਲ, ਘਣ ਅਤੇ ਘਣਮੂਲ ਵਿੱਚੋਂ ਆਉਣਗੇ ਅਤੇ ਇਸ ਵਿੱਚੋਂ ਕਿਸੇ ਵੀ ਪ੍ਰਕਾਰ ਦਾ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ। ਇਸ ਦਾ ਸਪੈਸੀਮਨ ਪੇਪਰ ਅਨੁੱਲਗ 'ੳ' ਤੇ ਹੈ ਜੀ।

2.10 ਇਸ ਮੁਕਾਬਲੇ ਵਿੱਚ ਚਾਰ ਰਾਊਂਡ ਹੋਣਗੇ। ਲੋੜ ਅਨੁਸਾਰ ਵਧਾਏ ਜਾ ਸਕਦੇ ਹਨ।

2.11 ਹਰੇਕ ਪ੍ਰਸ਼ਨ ਦੇ ਦੋ ਅੰਕ ਹੋਣਗੇ।

2.12 ਹਰੇਕ ਪ੍ਰਸ਼ਨ ਦਾ ਉੱਤਰ ਦੇਣ ਲਈ 20 ਸੈਕਿੰਡ ਦਿੱਤੇ ਜਾਣਗੇ।

2.13 ਜੇਕਰ ਟੀਮ ਉੱਤਰ ਨਾ ਦੇ ਸਕੇ ਜਾਂ ਗਲਤ ਉੱਤਰ ਹੋਵੇ ਤਾਂ ਪ੍ਰਸ਼ਨ ਅਗਲੀ ਟੀਮ ਨੂੰ ਪਾਸ ਕਰ ਦਿੱਤਾ ਜਾਵੇਗਾ। ਜੋ ਟੀਮ ਅਜਿਹੇ ਪਾਸ ਕੀਤੇ ਪ੍ਰਸ਼ਨ ਦਾ ਸਹੀ ਉੱਤਰ ਦੇਵੇਗੀ, ਉਸ ਨੂੰ '1' ਅੰਕ ਦਿੱਤਾ ਜਾਵੇਗਾ।

2.14 ਬਲਾਕ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਹੀ ਜ਼ਿਲ੍ਹਾ ਪੱਧਰ ਦੇ ਮੁਕਾਬਲੇ ਵਿੱਚ ਹਿੱਸਾ ਲਵੇਗੀ।

2.15 ਜ਼ਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਅੱਗੇ ਰਾਜ ਪੱਧਰ ਤੇ ਹਿੱਸਾ ਲਵੇਗੀ।

2.16 ਰਾਜ ਪੱਧਰੀ ਮੁਕਾਬਲਾ ਮੁੱਖ ਦਫ਼ਤਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇਗਾ। ਇਸ ਲਈ ਪ੍ਰਸ਼ਨ ਪੱਤਰ ਹੈੱਡ ਆਫਿਸ ਤੇ ਹੀ ਤਿਆਰ ਕੀਤਾ ਜਾਵੇਗਾ।

3.0 ਕੁਇਜ਼ ਮੁਕਾਬਲੇ ਲਈ ਵੱਖ-ਵੱਖ ਪੱਧਰ ਤੇ ਜੇਤੂਆਂ ਲਈ ਇਨਾਮ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨਾਲ ਵਿਚਾਰ ਵਟਾਂਦਰਾ ਕਰਕੇ ਡੀ.ਆਰ.ਪੀ. (ਮੈਥ) ਜ਼ਿਲ੍ਹੇ ਪੱਧਰ ਤੇ ਉਪਰਾਲਾ ਕਰਕੇ ਦੇਣਗੇ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਣਗੇ।

**4.0 ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਪਹਾੜਿਆਂ ਦੇ ਕੰਪੀਟੀਸ਼ਨ ਵਾਸਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਮਿੱਡ-ਡੇ-ਮੀਲ ਉਸੇ ਸਕੂਲ ਵੱਲੋਂ ਮੁੱਹਈਆ ਕਰਵਾਇਆ ਜਾਵੇਗਾ, ਜਿਥੇ ਮੁਕਾਬਲਾ ਆਯੋਜਿਤ ਕੀਤਾ ਜਾਵੇਗਾ।**

4.1 ਉਪਰੋਕਤ ਦਰਸਾਈਆਂ ਗਾਈਡ-ਲਾਈਨਜ਼ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**